ਅਰਮਾਨ (ARMAAN)
(An International Multidisciplinary, Open Access Peer-Reviewed & Indexed Research Journal)
Vol. 4 | Issue 1 | Jan.-Mar. 2026

ISSN: 2583-9446 (O)
Paper Published Id: ARMN040104
Available online at: www.armaan.org.in
DOI: https://doi.org/10.64119/armaan.vol.4.issue1.04

# 'ਬੋਲ ਮਰਦਾਨਿਆ' ਨਾਵਲ ਵਿਚ ਨਾਇਕ ਦੀ ਬਿੰਬ ਸਿਰਜਣਾ ਦੇ ਵਿਚਾਰਧਾਰਾਈ ਆਧਾਰ

# 'Bol Mardanea' Naval Vich Nayak Di Bimb Sirjna De Vichardharai Aadhar

**ਡਾ. ਮਨਪ੍ਰੀਤ ਕੌਰ (Dr. Manpreet Kaur)**
ਪੰਜਾਬੀ ਅਧਿਆਪਕ ((Punjabi Teacher)
ਸਕੂਲ ਸਿੱਖਿਆ ਵਿਭਾਗ, ਪੰਜਾਬ
Email ID: jhinjermanpreet@gmail.com ਮੋਬਾਈਲ: +91-98149-04135

**ਸਾਰ (Abstract)**

*ਹਥਲੇ ਖੋਜ-ਪੇਪਰ ਦਾ ਵਿਸ਼ਾ 'ਬੋਲ ਮਰਦਾਨਿਆ' ਨਾਵਲ ਵਿਚ ਨਾਇਕ ਦੀ ਬਿੰਬ ਸਿਰਜਣਾ ਦੇ ਵਿਚਾਰਧਾਰਾਈ ਅਧਾਰ' ਹੈ। ਇਸ ਖੋਜ-ਪੇਪਰ ਵਿਚ ਜਸਬੀਰ ਮੰਡ ਦੁਆਰਾ ਸਿਰਜਤ ਇਤਿਹਾਸ ਦੀ ਇਕ ਮਹੱਤਵਪੂਰਨ ਸ਼ਖ਼ਸੀਅਤ 'ਮਰਦਾਨੇ' ਦੇ ਨਾਇਕਤਵ ਨੂੰ ਉਭਾਰਨ ਲਈ ਵਰਤੇ ਗਏ ਵਿਚਾਰਧਾਰਾਈ ਅਧਾਰਾਂ ਨੂੰ ਸਮਝਣ ਦਾ ਯਤਨ ਕੀਤਾ ਗਿਆ ਹੈ। ਬਿਰਤਾਂਤ-ਕਾਰ ਵੱਲੋਂ ਸਿਰਜੇ ਬਿਰਤਾਂਤ ਵਿਚੋਂ 'ਮਰਦਾਨੇ' ਦੇ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਹੋਣ ਦੇ ਪ੍ਰਚਲਿਤ ਬਿੰਬ ਦਾ ਖੰਡਨ ਹੁੰਦਾ ਹੈ। ਬਿਰਤਾਂਤ-ਕਾਰ ਨੇ ਮਰਦਾਨੇ ਦੇ ਰਬਾਬੀ ਹੋਣ ਦੇ ਨਾਲ਼-ਨਾਲ਼ ਉਸ ਦੇ ਨਾਇਕਤਵ ਨੂੰ ਉਭਾਰਨ ਵਾਲ਼ੇ ਹੋਰ ਬਹੁਤ ਸਾਰੇ ਸੂਖਮ ਗੁਣਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਕ ਆਭਾ-ਮੰਡਲ ਦੇ ਬਿਰਤਾਂਤ ਰਾਹੀਂ ਸਿਰਜਿਆ ਹੈ।*

*ਕੀਵਰਡ (Keyword):* *ਨਾਇਕ, ਨਾਇਕਤਵ, ਵਿਚਾਰਧਾਰਾ, ਅਧਿਆਤਮ, ਬਿੰਬ ਸਿਰਜਣਾ।*

'ਬੋਲ ਮਰਦਾਨਿਆ' ਜਸਬੀਰ ਮੰਡ ਦਾ ਇਕ ਅਜਿਹਾ ਨਾਵਲ ਹੈ ਜਿਸ ਵਿਚ ਲੇਖਕ ਨੇ ਇਤਿਹਾਸ ਦੀ ਇਕ ਮਹੱਤਵਪੂਰਨ ਪਰ ਅਣਗੌਲ਼ੀ ਸ਼ਖ਼ਸੀਅਤ 'ਮਰਦਾਨਾ' ਨੂੰ ਆਧਾਰ ਬਣਾ ਕੇ ਨਾਵਲੀ ਬਿਰਤਾਂਤ ਦੀ ਸਿਰਜਣਾ ਕੀਤੀ ਹੈ। ਇਸ ਨਾਵਲ ਦਾ ਸਮੁੱਚਾ ਬਿਰਤਾਂਤ ਗੁਰੂ ਨਾਨਕ ਦੇਵ ਜੀ ਦੇ ਅਧਿਆਤਮਿਕ ਆਭਾ-ਮੰਡਲ ਦੁਆਲੇ ਉਸਰਿਆ ਹੈ ਜਿਸ ਵਿਚੋਂ ਮਰਦਾਨੇ ਦਾ ਨਾਇਕਤਵ ਉਭਾਰਿਆ ਗਿਆ ਹੈ। ਇਹ ਨਾਵਲ ਮਰਦਾਨੇ ਦਾ ਅਜਿਹਾ ਬਿੰਬ ਸਿਰਜਦਾ ਹੈ ਜਿਸ ਵਿਚ ਉਸ ਦੇ ਸਿਰਫ਼ ਰਬਾਬੀ ਹੋਣ ਦੀ ਮਿੱਥ ਟੁੱਟਦੀ ਹੈ। ਰਬਾਬੀ ਹੋਣ ਦੇ ਨਾਲ਼-ਨਾਲ਼ ਮਰਦਾਨੇ ਦਾ ਸਾਦਗੀ, ਸੂਝ, ਨਿਰਛਲਤਾ, ਮੁਰਸ਼ਦ ਪ੍ਰੇਮ ਤੇ ਅਧਿਆਤਮਿਕ ਆਭਾ-ਮੰਡਲ ਵਿਚ ਵਿਚਰਨ ਵਾਲੇ ਜਗਿਆਸੂ ਦਾ ਬਿੰਬ ਉੱਭਰਦਾ ਹੈ। ਉਹ ਬਾਬੇ ਨਾਨਕ ਦੇ ਲੰਬੇ ਸਫ਼ਰਾਂ ਦਾ ਸਾਥੀ ਵੀ ਹੈ ਤੇ ਚੇਲਾ ਵੀ ਹੈ। ਬਿਰਤਾਂਤ-ਕਾਰ ਨੇ ਵੱਖ-ਵੱਖ ਵਿਚਾਰਧਾਰਾਈ ਅਧਾਰਾਂ ਦੇ ਆਧਾਰ 'ਤੇ ਮਰਦਾਨੇ ਦੇ ਨਾਇਕਤਵ ਦੀ ਬਿੰਬ ਸਿਰਜਣਾ ਕੀਤੀ ਹੈ। ਨਾਵਲੀ ਪਾਠ ਵਿਚ ਭਾਈ ਮਰਦਾਨੇ ਨੂੰ ਕੇਂਦਰ ਵਿਚ ਰੱਖ ਕੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਉਭਾਰਿਆ ਗਿਆ ਹੈ।

'ਬੋਲ ਮਰਦਾਨਿਆ' ਨਾਵਲ ਸਿੱਖ ਧਰਮ ਦੀ ਅਧਿਆਤਮਿਕ ਬੁਨਿਆਦ ਬਣਾਉਣ ਵਾਲ਼ੀਆਂ ਮਹੱਤਵਪੂਰਨ ਹਸਤੀਆਂ ਨਾਨਕ ਤੇ ਮਰਦਾਨੇ ਦੇ ਜੀਵਨ ਦਾ ਬਿਰਤਾਂਤ ਸਿਰਜਦਾ ਹੈ। ਬਿਰਤਾਂਤ-ਕਾਰ ਨੇ ਮਰਦਾਨੇ ਦੇ ਪਾਤਰ ਦੀ ਉਸਾਰੀ ਸਮਾਜਿਕ ਇਤਿਹਾਸਕ ਸਥਿਤੀਆਂ ਦੇ ਵਿਚਾਰਧਾਰਕ ਆਧਾਰ ਅਨੁਸਾਰ ਕੀਤੀ ਹੈ, ਕਿਉਂਕਿ,

> *"ਇਤਿਹਾਸ ਦਾ ਭਾਵ ਕੇਵਲ ਉਹ ਯਥਾਰਥ ਨਹੀਂ ਹੁੰਦਾ ਜੋ ਕਿਸੇ ਇਕ ਵਿਅਕਤੀ ਨਾਲ਼ ਜਾਂ ਉਸ ਦੇ ਤੱਥਾਂ ਤੱਕ ਸੀਮਤ ਹੁੰਦਾ ਹੈ, ਸਗੋਂ ਉਸ ਵਿਅਕਤੀ ਦੇ ਨਾਲ਼ ਬਾਕੀ ਸਮਾਜਿਕ ਸਮੂਹ ਜਾਂ ਖ਼ਾਸ ਤੌਰ 'ਤੇ ਉਸ ਸਮੇਂ ਦਾ ਸਮਾਜਿਕ ਯਥਾਰਥ ਹੁੰਦਾ ਹੈ, ਉਸ ਨੂੰ ਪਕੜ ਕੇ ਹੀ ਅਸੀਂ ਨਾਵਲ ਵਿਚ ਇਤਿਹਾਸ ਨੂੰ ਪ੍ਰਤੀਬਿੰਬਤ ਕਰ ਸਕਦੇ ਹਾਂ।"*[1]

'ਬੋਲ ਮਰਦਾਨਿਆ' ਨਾਵਲ ਵਿਚ ਬਿਰਤਾਂਤ-ਕਾਰ ਉਸ ਸਮੇਂ ਦੇ ਸਮਾਜਿਕ ਯਥਾਰਥ ਨੂੰ ਆਧਾਰ ਬਣਾਉਂਦਾ ਹੋਇਆ ਮਰਦਾਨੇ ਦੇ ਜੀਵਨ ਦਾ ਬਿਰਤਾਂਤ ਸਿਰਜਦਾ ਹੈ। ਨਾਵਲੀ ਬਿਰਤਾਂਤ ਵਿਚੋਂ ਅਸੀਂ ਦੇਖਦੇ ਹਾਂ ਕਿ ਨਾਨਕ ਨਾਲ਼ ਉਦਾਸੀਆਂ 'ਤੇ ਨਿਕਲੇ ਮਰਦਾਨੇ ਨੂੰ ਅਜਿਹੀਆਂ ਕਈ ਪਰਿਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਉਸ ਦੇ ਨਾਇਕਤਵ ਦਾ ਉਭਾਰ ਕਰਦੀਆਂ ਹਨ, ਜਿਵੇਂ ਵੇਸਵਾਵਾਂ ਦੇ ਮੰਦਰ ਅੱਗੇ ਕੀਰਤਨ, ਉਨ੍ਹਾਂ ਨਾਲ਼ ਵਾਰਤਾਲਾਪ, ਸਫ਼ਰ ਦੌਰਾਨ ਮਿਲੇ ਅਨੇਕਾਂ ਜੋਗੀਆਂ, ਸਾਧੂਆਂ, ਬੋਧੀਆਂ, ਹਿੰਦੂ ਧਾਰਮਿਕ ਆਗੂਆਂ ਨਾਲ਼ ਬਾਬੇ ਦੇ ਸੰਵਾਦ/ਗੋਸ਼ਟਿ ਸਮੇਂ ਪੈਦਾ ਹੋਈਆਂ ਤਣਾਅਪੂਰਨ ਸਥਿਤੀਆਂ, ਲਾਲੋ, ਭਾਗੀਰਥ, ਮਨਸੁਖ ਵਰਗੇ ਬਾਬੇ ਦੇ ਪੈਰੋਕਾਰਾਂ ਨਾਲ਼ ਗੁਰਭਾਈਆਂ ਵਾਲ਼ੇ ਰਿਸ਼ਤੇ, ਇਕ ਛੋਟੀ ਬੱਚੀ ਦਾ ਦਰਦ, ਸੁਲਤਾਨਪੁਰ 'ਤੇ ਬਾਬਰ ਦਾ ਹਮਲਾ, ਹੱਜ ਦੌਰਾਨ ਕਾਜ਼ੀਆਂ ਦੇ ਤਿੱਖੇ ਸਵਾਲ ਤੇ ਮਰਦਾਨੇ ਦਾ ਆਖ਼ਰੀ ਸਮੇਂ ਬਾਬੇ ਨਾਲ਼ ਕਰਤਾਰਪੁਰ ਵਿਖੇ ਬਿਤਾਇਆ ਸਮਾਂ। ਮਰਦਾਨੇ ਦੇ ਨਾਇਕਤਵ ਦਾ ਉਭਾਰ ਉਨ੍ਹਾਂ ਵਿਸ਼ੇਸ਼ ਪਰਿਸਥਿਤੀਆਂ 'ਚੋਂ ਹੁੰਦਾ ਹੈ ਜਿਨ੍ਹਾਂ ਵਿਚ ਦੀ ਉਹ ਗੁਜ਼ਰਦੇ ਹਨ। ਬਿਰਤਾਂਤ-ਕਾਰ ਦੁਆਰਾ ਸਿਰਜੀਆਂ ਵੱਖੋ-ਵੱਖਰੀਆਂ ਪਰਿਸਥਿਤੀਆਂ ਵਿਚੋਂ ਮਰਦਾਨੇ ਦਾ ਸਾਦਗੀ, ਸਰਲਤਾ, ਫ਼ਕੀਰੀ, ਸਹਿਣਸ਼ੀਲਤਾ ਤੇ ਦੂਜਿਆਂ ਪ੍ਰਤੀ ਹਮਦਰਦੀ ਦੀ ਭਾਵਨਾ ਰੱਖਣ ਵਾਲੇ ਵਿਅਕਤੀ ਦਾ ਬਿੰਬ ਉੱਭਰਦਾ ਹੈ। ਅਜਿਹੀ ਪਹਿਲੀ ਦੁਬਿਧਾ ਗ੍ਰਸਤ ਸਥਿਤੀ ਉਦੋਂ ਵਾਪਰਦੀ ਹੈ ਜਦੋਂ ਫ਼ਕੀਰੀ ਵੱਲ ਤੁਰੇ ਮਰਦਾਨੇ ਨੇ ਸਮਾਜਿਕ ਰੀਤੀ ਅਨੁਸਾਰ ਅੱਬਾ ਨਾਲ਼ ਜਜ਼ਮਾਨਾਂ ਦੇ ਘਰ ਰਿਜ਼ਕ ਕਮਾਉਣ ਜਾਣ ਤੋਂ ਇਨਕਾਰ ਕਰ ਦਿੱਤਾ ਸੀ। ਅੰਮੀ ਤੇ ਅੱਬਾ ਦੇ ਤਲਖ਼ ਤਾਹਨਿਆਂ ਨੂੰ ਚੁੱਪ ਕਰਕੇ ਸੁਣਦਾ ਉਹ ਬਿਨਾਂ ਕਿਸੇ ਵਿਰੋਧ ਦੇ ਘਰੋਂ ਬਾਹਰ ਆ ਜਾਂਦਾ ਹੈ।

*ਰਾਤ ਸੌਣ ਵੇਲੇ ਵੀ ਅੱਬਾ ਨੇ ਸੁਣਾਇਆ ਸੀ, "ਮਰਾਸੀ ਦਾ ਫ਼ਕੀਰਾਂ ਪਿੱਛੇ ਜਾ ਕੇ ਨਹੀਂ ਸਰਦਾ।" ਫਿਰ ਅੰਮੀ ਨੇ ਉਸ ਦੀ ਹਾਮੀ ਭਰੀ। "ਜਿਸ ਦੇ ਪਿੱਛੇ ਤੂੰ ਤੁਰਦਾਂ ਉਹ ਰੱਜ ਕੇ ਫ਼ਕੀਰ ਹੋਇਆ....ਤੂੰ ਮਰਾਸੀ ਜਾਤ ਕਿੱਧਰ ਨੂੰ ਪੁੱਠਾ ਘੁੰਮ ਗਈ...?" ਮਰਦਾਨੇ ਨੇ ਫਿਰ ਵੀ ਕੋਈ ਉੱਤਰ ਨਾ ਦਿੱਤਾ। ਇਸ ਛੋਟੀ ਜਿਹੀ ਕੋਠੜੀ ਵਿਚ ਐਨੀਆਂ ਤਲਖ਼ ਗੱਲਾਂ ਐਨੀ ਛੇਤੀ ਬਾਹਰ ਨਹੀਂ ਸੀ ਨਿਕਲ ਸਕਦੀਆਂ। ਉਹ ਖ਼ੁਦ ਹੀ ਉੱਠ ਕੇ ਬਾਹਰ ਨਿਕਲ ਆਇਆ।"*[2]

ਉਪਰੋਕਤ ਸਥਿਤੀ ਵਿਚੋਂ ਮਰਦਾਨੇ ਦਾ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਬੇਮੁੱਖ ਹੋ ਫ਼ਕੀਰੀ ਵੱਲ ਤੁਰੇ ਸਾਧਕ ਦਾ ਬਿੰਬ ਉੱਭਰਦਾ ਹੈ ਜੋ ਕਿਸੇ ਵੀ ਤਰ੍ਹਾਂ ਦੇ ਵਿਰੋਧ ਨਾਲ਼ ਮਨ ਨੂੰ ਅਸ਼ਾਂਤ ਨਹੀਂ ਕਰਨਾ ਚਾਹੁੰਦਾ ਸਗੋਂ ਚੁੱਪ ਰਹਿ ਕੇ ਆਪਣੇ ਫ਼ਕੀਰੀ ਸੁਭਾਅ ਦੀ ਮਿਸਾਲ ਕਾਇਮ ਕਰਦਾ ਹੈ।

ਗੁਰੂ ਜੀ ਨੇ ਸਮਕਾਲੀ ਸਮਾਜ ਦੇ ਨਿਜ਼ਾਮ ਦੀਆਂ ਕੁਰੀਤੀਆਂ ਵਿਰੁੱਧ ਡਟ ਕੇ ਆਵਾਜ਼ ਬੁਲੰਦ ਕੀਤੀ। ਉਨ੍ਹਾਂ ਨੇ ਸੱਤਾ, ਭੇਖ, ਪਾਖੰਡ ਤੇ ਸਮਾਜਿਕ ਕੁਰੀਤੀਆਂ ਨੂੰ ਵਿਚਾਰਧਾਰਕ ਸੰਵਾਦ ਨਾਲ਼ ਵੰਗਾਰਿਆ। ਗੁਰੂ ਜੀ ਤੋਂ ਪਹਿਲਾਂ ਬਾਬਾ ਫ਼ਰੀਦ ਜੀ ਦੀ ਸੂਫ਼ੀ ਵਿਚਾਰਧਾਰਾ ਪੰਜਾਬ ਵਿਚ ਆਪਣੇ ਪੈਰ ਜਮਾਂ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਤੇ ਉਨ੍ਹਾਂ ਦੇ ਸਾਥੀ ਮਰਦਾਨੇ ਉੱਪਰ ਬਾਬਾ ਫ਼ਰੀਦ ਜੀ ਦੀ ਵਿਚਾਰਧਾਰਾ ਦਾ ਵੀ ਬਹੁਤ ਪ੍ਰਭਾਵ ਸੀ ਕਿਉਂਕਿ,

*"ਫ਼ਰੀਦ ਬਾਣੀ ਗੁਰਮਤਿ ਦੇ ਸੱਚ-ਅਨੁਭਵ ਦੇ ਅਨੁਕੂਲ ਹੈ। ਸੱਚ ਨੂੰ ਪਿਆਰ ਕਰਨਾ, ਗੁਰੂ ਦੀ ਮਿਹਰ ਤੇ ਹਦਾਇਤ 'ਤੇ ਭਰੋਸਾ ਅਤੇ ਇਸ ਨੂੰ ਜ਼ਰੂਰੀ ਜਾਣਨਾ, ਤਮਾਮ ਸ਼ੈਅ ਵਿਚ ਇਲਾਹੀ ਨੂਰ ਦੇ ਦੀਦਾਰ ਕਰਨਾ, ਕਠਨ ਘਾਲ, ਸਬਰ, ਸੰਤੋਖ, ਰਜ਼ਾ, ਸ਼ੁਕਰ ਵਿਚ ਰਹਿ ਕੇ ਮਨ ਚੰਚਲ ਨੂੰ ਸਾਧਨਾ ਅਤੇ ਦਿਸਦੇ ਸੰਸਾਰ ਨੂੰ ਨਾਸ਼ਮਾਨ ਸਮਝਣਾ ਅਤੇ ਮੌਤ ਨੂੰ ਹਰ ਦਮ ਚੇਤੇ ਰੱਖਣਾ ਫ਼ਰੀਦ ਬਾਣੀ ਅਤੇ ਗੁਰਮਤਿ ਦੇ ਸਾਂਝੇ ਦੇ ਗੁਣ ਹਨ।"*[3]

ਬਿਰਤਾਂਤ-ਕਾਰ ਨੇ ਆਪਣੇ ਨਾਵਲੀ ਬਿਰਤਾਂਤ ਦੀ ਪਿੱਠ-ਭੂਮੀ ਵਿਚ ਬਾਬਾ ਫ਼ਰੀਦ ਦੀ ਸੂਫ਼ੀ ਵਿਚਾਰਧਾਰਾ ਨੂੰ ਵੀ ਰੱਖਿਆ ਹੈ। ਨਾਵਲ ਦੇ ਸਮੁੱਚੇ ਬਿਰਤਾਂਤ ਵਿਚ ਨਾਨਕ ਤੇ ਮਰਦਾਨੇ ਦੇ ਪਾਤਰਾਂ ਦਾ ਸੁਭਾਅ ਇਸੇ ਸੂਫ਼ੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ। ਨਾਵਲ ਵਿਚ ਸਿੱਧੇ ਤੌਰ 'ਤੇ ਸੂਫ਼ੀ ਵਿਚਾਰਧਾਰਾ ਦਾ ਪ੍ਰਗਟਾਵਾ ਉਦੋਂ ਹੁੰਦਾ ਹੈ ਜਦੋਂ ਬਾਬਾ ਨਾਨਕ ਤੇ ਮਰਦਾਨਾ ਬਾਬਾ ਫ਼ਰੀਦ ਦੀ ਬਾਣੀ ਦਾ ਕੀਰਤਨ ਕਰਦੇ ਹਨ। ਮਰਦਾਨਾ ਬਾਬਾ ਫ਼ਰੀਦ ਦੇ ਸ਼ਲੋਕਾਂ ਦਾ ਕੀਰਤਨ ਕਰ ਇਲਾਹੀ ਅਨੰਦ ਦੀ ਅਵਸਥਾ ਮਹਿਸੂਸ ਕਰਦਾ ਹੈ। ਸੂਫ਼ੀ ਸਾਧਕ ਵਾਂਗ ਮਰਦਾਨਾ ਵੀ ਆਪਣੇ ਗੁਰੂ/ਮੁਰਸ਼ਦ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ। ਉਹ ਆਪਣੇ ਗੁਰੂ ਦਾ ਸਾਥ ਦੇਣ ਲਈ ਫ਼ਕੀਰ ਬਣ ਜਾਂਦਾ ਹੈ ਜਿਸ ਦਾ ਉਲਾਂਭਾ ਉਸ ਨੂੰ ਆਪਣੀ ਮਾਂ, ਪਤਨੀ ਤੇ ਪਿਉ ਤੋਂ ਵਾਰ-ਵਾਰ ਸੁਣਨ ਨੂੰ ਮਿਲਦਾ ਹੈ।

*"ਪੁੱਤ ਮੈਂ ਤੈਨੂੰ ਤਲਵੰਡੀ ਦਾ ਮਰਾਸੀ ਬਣਾ ਕੇ ਤੋਰਿਆ ਸੀ.....ਤੂੰ ਤੇ ਫ਼ਕੀਰ ਬਣ ਕੇ ਆ ਗਿਆ।"*

*"ਨਹੀਂ....ਅੰਮੀ ਤੂੰ ਗ਼ੌਰ ਨਾਲ਼ ਵੇਖ ਤਾਂ ਸਹੀ...?"*

*"ਵੱਡੀਆਂ ਖੇਲ੍ਹਾਂ ਵਿਚ ਪੈ ਗਿਆ ਮੇਰਾ ਪੁੱਤ.....ਮਾਵਾਂ ਨੂੰ ਫ਼ਕੀਰ ਨਹੀਂ ਪੁੱਤਾਂ ਦਾ ਸਹਾਰਾ ਚਾਹੀਦਾ।"*[4]

ਨਾਵਲੀ ਬਿਰਤਾਂਤ ਵਿਚੋਂ ਮਿਲਦੇ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਫ਼ਕੀਰ ਬਣ ਭਾਵੇਂ ਮਰਦਾਨੇ ਨੂੰ ਵਾਰ-ਵਾਰ ਆਪਣੀ ਅੰਮੀ ਦੇ ਦਰਦ ਤੇ ਬੇਗ਼ਮ ਦੇ ਉਲਾਮ੍ਹਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਫਿਰ ਵੀ ਉਹ ਆਪਣੇ ਮਨ ਅੰਦਰ ਪੈਦਾ ਹੋਏ ਮੁਰਸ਼ਦ ਪ੍ਰਤੀ ਅਥਾਹ ਪ੍ਰੇਮ ਤੇ ਸਤਿਕਾਰ ਦੀ ਭਾਵਨਾ ਤੋਂ ਆਪਣੇ ਇਨ੍ਹਾਂ ਰਿਸ਼ਤਿਆਂ ਦੇ ਫ਼ਿਕਰਾਂ ਨੂੰ ਕੁਰਬਾਨ ਕਰ ਦਿੰਦਾ ਹੈ। ਜਦ ਤਲਵੰਡੀ ਤੋਂ ਵਿਦਾ ਹੋਣ ਸਮੇਂ ਉਸ ਨੂੰ ਖੂਹ ਤੱਕ ਛੱਡਣ ਲਈ ਅੰਮੀ ਆਪਣੇ ਪੁੱਤ ਦੇ ਫ਼ਕੀਰ ਹੋਣ ਦੇ ਗ਼ਮ ਨੂੰ ਅੱਖਾਂ ਰਾਹੀਂ ਵਹਾਉਂਦੀ ਹੈ ਤਾਂ ਮਰਦਾਨੇ ਦੇ ਮਨ ਅੰਦਰ ਬਹੁਤ ਟੁੱਟ-ਭੱਜ ਚੱਲਦੀ ਹੈ ਪਰ ਉਸ ਦਾ ਮਨ ਮੁਰਸ਼ਦ ਨਾਲ਼ ਅਜਿਹਾ ਜੁੜਿਆ ਹੈ ਕਿ ਉਹ ਉਸ ਤੋਂ ਵੱਖ ਨਹੀਂ ਹੋ ਸਕਦਾ। ਮਰਦਾਨੇ ਦੇ ਮਨ ਵਿਚ ਗੁਰੂ ਲਈ ਹਰ ਪਲ਼ ਸਿਜਦਾ ਹੈ। ਮਰਦਾਨੇ ਨੇ ਨਾਨਕ ਨੂੰ ਆਪਣਾ ਗੁਰੂ ਮੰਨਿਆ ਤੇ ਉਸ ਲਈ ਆਪਣਾ ਆਪਾ ਕੁਰਬਾਨ ਕਰ ਦਿੱਤਾ। ਜਦੋਂ ਕੋਈ ਮਰਦਾਨੇ ਨੂੰ ਆਪਣੇ ਗੁਰੂ ਦੇ ਨੇੜੇ-ਨੇੜੇ ਵਿਚਰਨ 'ਤੇ ਭਾਗਾਂ ਵਾਲਾ ਕਹਿੰਦਾ ਤਾਂ ਮਰਦਾਨੇ ਦਾ ਮਨ ਹੁਲਾਸ ਨਾਲ਼ ਭਰ ਜਾਂਦਾ। ਇਕ ਬੋਧੀ ਚੇਲੇ ਅਨੰਦ ਨਾਲ਼ 'ਗੁਰੂ' ਬਾਰੇ ਗੱਲਬਾਤ ਕਰਦਿਆਂ ਮਰਦਾਨਾ ਕਹਿੰਦਾ ਹੈ;

*"ਤੇਰਾ ਗੁਰੂ ਖੋਜਣ ਨਿਕਲਿਆ ਸੀ। ਮੇਰਾ ਗੁਰੂ ਖੋਜ ਕੇ ਨਿਕਲਿਆ। ਤੈਨੂੰ ਆਪਣਾ ਗੁਰੂ ਮੌਨ ਵਿਚ ਲੱਭਣਾ ਪਿਆ। ਮੈਨੂੰ ਮੇਰਾ ਘਰੋਂ ਲੈ ਕੇ ਨਿਕਲਿਆ।"*

*"ਤੇਰੇ ਤੇ ਰਸ਼ਕ ਆਉਂਦਾ ਏ ਮਰਦਾਨਿਆ।" ਉਹ ਨੇ ਲੰਬਾ ਸਾਹ ਭਰ ਗੱਲ ਪੂਰੀ ਕੀਤੀ।"*[5]

ਮੰਡ ਨੇ ਮਰਦਾਨੇ ਨੂੰ ਸੂਫ਼ੀ ਸਾਧਕਾਂ ਵਾਲੀ ਫ਼ਕੀਰੀ ਦਾ ਮੁਰੀਦ ਬਣਾਇਆ ਹੈ। ਉਸ ਦੇ ਚਰਿੱਤਰ ਵਿਚ ਸੂਫ਼ੀ ਸਾਧਕ ਦੀ ਫ਼ਕੀਰੀ ਵਾਂਗ ਫ਼ਕੀਰਾਂ ਵਾਲੇ ਬਾਕੀ ਗੁਣ ਨਿਮਰਤਾ, ਸਰਲਤਾ, ਸਾਦਗੀ, ਨਿਰਛਲ ਪ੍ਰੇਮਾਭਗਤੀ ਤੇ ਮੁਰਸ਼ਦ ਪ੍ਰੇਮ ਆਦਿ ਵੀ ਭਰੇ ਹਨ। ਆਪਣੀ ਉਮਰ ਦੇ ਆਖ਼ਰੀ ਪੜਾਅ ਤੱਕ ਉਹ ਆਪਣੇ ਮੁਰਸ਼ਦ ਦਾ ਮੁਰੀਦ ਬਣਿਆ ਉਸ ਦੀ ਸੇਵਾ ਵਿਚ ਹਾਜ਼ਰ ਰਿਹਾ। ਮਰਦਾਨੇ ਦਾ ਚਰਿੱਤਰ ਅਜਿਹਾ ਹੈ ਕਿ ਜਦੋਂ ਕਿਸੇ ਦਾ ਦਰਦ ਦੇਖਦਾ ਹੈ ਤਾਂ ਉਸ ਦੀਆਂ ਅੱਖਾਂ ਰਾਹੀਂ ਵਹਿ ਤੁਰਦਾ ਹੈ। ਆਪਣੇ ਗੁਰੂ ਦੇ ਮਨ ਵਿਚ ਆਪਣੇ ਲਈ ਸ਼ਰਧਾ ਤੇ ਉੱਚ ਦਰਜਾ ਦੇਖ ਵੀ ਮਰਦਾਨਾ ਭਾਵੁਕ ਹੋ ਜਾਂਦਾ ਹੈ। ਮਰਦਾਨਾ ਆਪਣੇ ਆਖ਼ਰੀ ਸਾਹ ਤੱਕ ਗੁਰੂ ਪ੍ਰਤੀ ਸਮਰਪਿਤ ਰਿਹਾ, ਉਹ ਆਪਣੇ ਅੰਤਿਮ ਸਮੇਂ ਵੀ ਗੁਰੂ ਦੀ ਛੋਹ ਮੰਗਦਾ ਹੈ।

*"ਬਾਬਾ ਸਾਰੀ ਉਮਰ ਜੋੜਨ ਦੀ ਕਲਾ ਸਿਖਾਉਂਦਾ ਰਿਹਾ; ਹੁਣ ਵਿਛੜਣ ਦੀ....।" ਇੱਕ ਸੁੱਕੇ ਕਿਨਾਰੇ ਉੱਤੇ ਮਰਦਾਨਾ ਹੌਲੀ ਜਹੇ ਬੈਠ ਗਿਆ। ਫਿਰ ਮਿੱਟੀ ਉੱਤੇ ਟੇਢਾ ਹੋ ਗਿਆ। ਜਦੋਂ ਦੁਬਾਰਾ ਸੁਰਤ ਆਈ ਤਾਂ ਉਹਦਾ ਸਿਰ ਬਾਬੇ ਦੀ ਗੋਦੀ ਵਿਚ ਸੀ। ਮਰਦਾਨੇ ਨੇ ਨਜ਼ਰਾਂ ਮਿਲਾਈਆਂ:*

*"ਇਹ ਦੇਹ ਤਾਂ ਇਕ ਦਿਨ ਜਾਣੀ ਹੀ ਹੈ.....ਮਰਦਾਨਿਆ....।"*

*"ਬਾਬਾ ਮੈਂ ਜਾਣਾ ਨਹੀਂ ਸਮ੍ਹਾਉਣਾ ਚਾਹੁੰਦਾ ਹਾਂ...।"*

*"ਤੂੰ ਸਮ੍ਹਾ ਹੀ ਰਿਹਾਂ ਮਰਦਾਨਿਆ....।"*

*"ਜੇ ਕਿਤੇ ਮੇਲ ਹੋਇਆ ਤਾਂ ਪਛਾਣ ਲਵੀ ਬਾਬਾ...'ਮੈਂ ਤਲਵੰਡੀ ਦਾ ਡੂਮ ਹਾਂ'...।"*

*ਮਰਦਾਨੇ ਦੀਆਂ ਅੱਖਾਂ ਬੰਦ ਹੋਣ ਲੱਗੀਆਂ। ਕੁਝ ਦੇਰ ਬਾਅਦ ਫਿਰ ਖੋਲ੍ਹਣ ਦਾ ਸਾਹਸ ਕੀਤਾ:*

*"ਬਾਬਾ ਨਜ਼ਰਾਂ ਬੰਦ ਹੋ ਰਹੀਆਂ ਨੇ। ਹੁਣ ਦਿਸਣ ਦੀ ਵਿਦਾਇਗੀ ਹੋ ਰਹੀ ਹੈ। ਆਪਣੀਆਂ ਨਜ਼ਰਾਂ ਦਾ ਵੇਖਿਆ ਤੈਨੂੰ ਸੌਂਪਦਾ ਹਾਂ। ਮੈਨੂੰ ਛੋਹ ਨਾਲ ਵੇਖਣ ਦੀ ਦ੍ਰਿਸ਼ਟੀ ਦੇ ਬਾਬਾ...।" ਬਿਨਾਂ ਆਵਾਜ਼ ਤੋਂ ਇਕ ਤਰਲ ਉਹਨੂੰ ਆਪਣੇ ਵੱਲ ਆਉਂਦਾ ਦਿਸਿਆ।*

*"ਬਾਬਾ ਆਹ ਕੀ ਏ?" ਮੱਥੇ ਉੱਤੇ ਇਕ ਕੋਸਾ ਅੱਥਰੂ ਅਸ਼ੀਰਵਾਦ ਵਾਂਗ ਟਿਕਿਆ...।*

*"ਤੂੰ ਛੋਹ ਮੰਗੀ ਸੀ ਭਾਈ ਮਰਦਾਨਿਆ...।" ਗਲਵੱਕੜੀ ਲਈ ਮਰਦਾਨੇ ਨੇ ਬਾਂਹਾਂ ਉੱਪਰ ਚੁੱਕੀਆਂ। ਉੱਠੀਆਂ ਬਾਂਹਾਂ ਨੂੰ ਫੜ ਕੇ ਬਾਬੇ ਨੇ ਆਪਣੀ ਗਰਦਨ ਦੁਆਲੇ ਘੁਮਾ ਲਿਆ।"* [6]

ਬਿਰਤਾਂਤ-ਕਾਰ ਨੇ ਅੰਮੀ ਲੱਖੋ ਤੇ ਬੇਗ਼ਮ ਦੇ ਮਰਦਾਨੇ ਨਾਲ ਵਾਰਤਾਲਾਪ ਵਿਚੋਂ ਉਸ ਦੇ ਆਪਣੇ ਜਾਤੀਗਤ ਕਿੱਤੇ ਕਾਰਨ ਵਿਰਸੇ 'ਚ ਮਿਲੇ ਗਾਉਣ ਦੇ ਹੁਨਰ ਨੂੰ ਵਿਚਾਰਧਾਰਕ ਆਧਾਰ ਵਜੋਂ ਵਰਤਦੇ ਹੋਏ ਉਸ ਦੇ ਗਾਉਣ ਨੂੰ ਸਮਾਜਿਕ ਨਹੀਂ ਸਗੋਂ ਅਧਿਆਤਮਿਕ ਰੰਗਤ ਦੇ ਕੇ ਪੇਸ਼ ਕੀਤਾ ਹੈ। ਭਾਵੇਂ ਮਾਤਾ ਤੇ ਬੇਗ਼ਮ ਵਾਰ-ਵਾਰ ਮਰਦਾਨੇ ਨੂੰ ਇਹ ਅਹਿਸਾਸ ਕਰਾਉਂਦੀਆਂ ਹਨ ਕਿ ਉਹ ਮਰਾਸੀ ਹੈ, ਉਸ ਦਾ ਫ਼ਕੀਰੀ ਧਾਰਨ ਕਰ ਕੇ ਨਹੀਂ ਸਰ ਸਕਦਾ। ਮਰਾਸੀ ਕੋਲ ਟਿੱਚਰਾਂ ਦੀ ਮੁਹਾਰਤ ਹੁੰਦੀ ਹੈ ਤੇ ਉਹ ਜਜਮਾਨਾਂ ਦੇ ਗੁਣਗਾਨ ਕਰਨ ਦੇ ਨਾਲ-ਨਾਲ ਕਿਸੇ ਸਮਾਜਿਕ ਬੁਰਾਈ ਨੂੰ ਟਿੱਚਰਾਂ ਰਾਹੀਂ ਵਿਅੰਗਮਈ ਰੂਪ ਵਿਚ ਪੇਸ਼ ਕਰ ਹਾਸ-ਰਸ ਵੀ ਪੈਦਾ ਕਰਦੇ ਹਨ। ਪਰ ਮਰਦਾਨਾ ਤਾਂ ਫ਼ਕੀਰ ਬਣੇ ਬਾਬੇ ਨਾਨਕ ਦਾ ਸੰਗੀ ਸੀ ਜੋ ਪਰਮਾਤਮਾ ਦੇ ਰੰਗ ਵਿਚ ਰੰਗੇ ਨਾਨਕ ਨਾਲ, ਉਨ੍ਹਾਂ ਦੇ ਸਫ਼ਰਾਂ ਦੀ ਗਵਾਹੀ ਭਰਦਾ, ਫ਼ਕੀਰੀ ਚੋਲੇ ਵਿਚ ਨਾਲ-ਨਾਲ ਤੁਰਦਾ ਹੈ। ਬਿਰਤਾਂਤ-ਕਾਰ ਨੇ ਮਰਦਾਨੇ ਦਾ ਚਰਿੱਤਰ ਇਸ ਤਰ੍ਹਾਂ ਉਘਾੜਿਆ ਹੈ ਕਿ ਉਸ ਵਿਚ ਮਰਾਸੀਆਂ ਵਾਲਾ ਗਾਉਣ ਦਾ ਹੁਨਰ ਤਾਂ ਹੈ ਪਰ ਉਹ ਕਿਸੇ ਜਜਮਾਨ ਦੀ ਖ਼ੁਸ਼ੀ ਦੇ ਸੋਹਲੇ ਨਹੀਂ ਗਾਉਂਦਾ ਸਗੋਂ ਆਪਣੇ ਗੁਰੂ ਨਾਲ ਮਿਲ ਕੇ ਪਰਮਾਤਮਾ ਦੇ ਗੁਣਗਾਨ ਕਰਦਾ ਹੈ।

*"ਫਿਰ ਮਰਦਾਨੇ ਨੇ ਮੋਢੇ ਤੋਂ ਰਬਾਬ ਉਤਾਰੀ। ਧੁਨਾਂ ਤੋਂ ਪਹਿਲਾਂ ਉਹਦੇ ਅੰਦਰ ਇਕ ਆਵਾਜ਼ ਜੋ ਮੁਲਾਇਮ ਹੋਣ ਗਲੇ ਦੇ ਆਲੇ-ਦੁਆਲੇ ਘੁੰਮਦੀ ਸੀ; ਕੱਤਕ ਦੀ ਇਸ ਨਿੱਖਰੀ ਰਾਤ ਥੱਲੇ ਬਾਬੇ ਦੀ ਆਵਾਜ਼ ਨਾਲ ਮਿਲ ਕੇ ਕੁਝ ਇਸ ਤਰ੍ਹਾਂ ਗੂੰਜੀ:*

*ਸੁਣ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ॥*
*ਜਬਲਗੁ ਜੋਬਨੁ ਸਾਸੁ ਹੈ ਤਬਲਗੁ ਇਹੁ ਤਨੁ ਦੇਹ॥*
*ਬਿਨੁ ਗੁਣ ਕਾਮਿ ਨ ਆਵਈ ਢਹਿ ਢੇਰੀ ਤਨੁ ਖੇਹ॥"* [7]

ਮਰਦਾਨਾ ਜਜਮਾਨਾਂ ਦੇ ਦਰਾਂ ਅੱਗੇ ਝੋਲੀ ਨਹੀਂ ਫੈਲਾਉਂਦਾ ਸਗੋਂ ਅਧਿਆਤਮ ਰੰਗ ਵਿਚ ਰੰਗਿਆ ਫ਼ਕੀਰ ਬਣਿਆ ਘੁੰਮਦਾ ਹੈ, ਜਿਸ ਦਾ ਅੰਮੀ ਲੱਖੋ ਨੂੰ ਬਹੁਤ ਫ਼ਿਕਰ ਹੈ, ਉਹ ਆਪਣੇ ਪੁੱਤ ਦੀ ਫ਼ਕੀਰੀ ਤੋਂ ਬਹੁਤ ਦੁਖੀ ਹੈ ਤੇ ਕਹਿੰਦੀ ਹੈ:

*"ਮਰਾਸੀ ਦੇ ਗਲ ਮੰਗਣ ਲਈ ਕੱਪੜਾ ਹੁੰਦਾ ਏ.....ਤੂੰ ਇਹ ਗਲ ਮਾਲਾ ਨਾਲ ਕਿਉਂ ਭਰੀ ਫਿਰਦਾਂ ਪੁੱਤ.....ਇਨ੍ਹਾਂ ਵਿਚ ਢਿੱਡ ਲਈ ਕੁਝ ਨਹੀਂ ਹੈ.....।".....''ਮਰਦਾਨਿਆਂ ਤੇਰੀ ਨਾਨੀ ਕਹਿੰਦੀ ਹੁੰਦੀ ਸੀ, ਭਟਕਿਆ ਮਰਾਸੀ ਹੀ ਫ਼ਕੀਰੀ ਵੱਲ ਤੁਰਦਾ।"* [8]

ਮਰਦਾਨਾ ਭਾਵੇਂ ਫ਼ਕੀਰ ਬਣ ਗਿਆ ਸੀ ਪਰ ਉਸ ਦੇ ਅੰਦਰ ਕਦੇ-ਕਦੇ ਆਪਣੇ ਕਿੱਤੇ ਨਾਲ ਜੁੜੇ ਗੁਣ ਉੱਭਰਦੇ ਤੇ ਉਸ ਦਾ ਬਾਬੇ ਨਾਲ ਟਿੱਚਰਾਂ ਕਰਨ ਨੂੰ ਜੀਅ ਕਰਦਾ।

*"ਮਰਦਾਨੇ ਦਾ ਜੀਅ ਕੀਤਾ ਕੋਈ ਤੀਜਾ ਸਰੋਤਾ ਆਵੇ। ਉਸ ਦੇ ਰਾਹੀਂ ਉਹ ਮਰਾਸੀਆਂ ਵਾਂਗ ਟਿੱਚਰਾਂ ਕਰੇ।*

*"ਵੇਖ ਬਈ ਰਾਹੀਆ....ਮੇਰੇ ਗੁਰੂ ਦੇ ਤਾਂ ਸਹੁਰੇ ਲੰਘ ਗਏ.....ਪਾਣੀ ਨਹੀਂ ਧਾਣੀ ਨਹੀਂ....ਹੁਣ ਤੂੰ ਦੱਸ ਕਿਤੇ ਅਗਲਾ ਪਿੰਡ ਸਹੁਰਿਆਂ ਦਾ ਤੇਰਾ ਤਾਂ ਨਹੀਂ।"* [9]

ਇਉਂ ਬਿਰਤਾਂਤ-ਕਾਰ ਨੇ ਮਰਦਾਨੇ ਦੇ ਜਾਤੀਗਤ ਕਿੱਤੇ ਨਾਲ ਜੁੜੀ ਵਿਚਾਰਧਾਰਾ ਦੇ ਰਾਹੀਂ ਉਸ ਦੇ ਚਰਿੱਤਰ ਵਿਚੋਂ ਉੱਭਰਦੇ ਉਸ ਦੇ ਰਬਾਬੀ ਹੋਣ ਦੇ ਬਿੰਬ ਦਾ ਬਿਰਤਾਂਤ ਸਿਰਜਿਆ ਹੈ।

ਨਾਵਲ ਦਾ ਸਮੁੱਚਾ ਬਿਰਤਾਂਤ ਬਾਬੇ ਦੇ ਅਧਿਆਤਮਿਕ ਆਭਾ-ਮੰਡਲ ਦੇ ਦੁਆਲੇ ਉਸਰਿਆ ਹੋਇਆ ਹੈ ਜਿਸ ਵਿਚ ਵਿਚਰਦਿਆਂ ਉਹ ਧਰਮ ਦੇ ਭੇਖਾਂ-ਪਖੰਡਾਂ ਵਾਲੇ ਰੂਪ ਨੂੰ ਨਕਾਰਦੇ ਹਨ। ਸਭ ਤਰ੍ਹਾਂ ਦੇ ਭੇਖਾਂ-ਪਖੰਡਾਂ ਤੋਂ ਉੱਪਰ ਉੱਠ ਸੱਚੇ ਸਾਧਕ ਵਾਂਗ ਪਰਮਾਤਮਾ ਦੇ ਲੜ ਲੱਗਣ ਦੀ ਅਧਿਆਤਮਿਕ ਵਿਚਾਰਧਾਰਾ ਸਮੁੱਚੇ ਨਾਵਲੀ ਬਿਰਤਾਂਤ ਦੇ ਆਰ-ਪਾਰ ਫੈਲੀ ਹੋਈ ਹੈ। ਇਸੇ ਵਿਚਾਰਧਾਰਾ ਅਧੀਨ ਮਰਦਾਨੇ ਦੇ ਜੀਵਨ ਨਾਲ ਜੁੜੀ ਉਸ ਦੀ 'ਹੱਜ' ਕਰਨ ਦੀ ਧਾਰਮਿਕ ਰੀਤ ਨੂੰ ਸਮਝਿਆ ਜਾ ਸਕਦਾ ਹੈ। ਕਹਿੰਦੇ ਹਨ ਕਿ ਸੱਚੇ ਮੁਸਲਮਾਨ ਲਈ ਆਪਣੀ ਜ਼ਿੰਦਗੀ ਵਿਚ ਇਕ ਵਾਰ 'ਹੱਜ' ਕਰਨਾ ਜ਼ਰੂਰੀ ਹੁੰਦਾ ਹੈ।

*'ਹੱਜ ਤੋਂ ਮੁਰਾਦ ਹੈ ਮੱਕਾ ਸ਼ਰੀਫ਼ ਦੀ ਪਵਿੱਤਰ ਯਾਤਰਾ। ਇਹ ਯਾਤਰਾ ਹਿਜਰੀ ਸਾਲ ਦੇ ਬਾਰ੍ਹਵੇਂ ਮਹੀਨੇ ਕੀਤੀ ਜਾਂਦੀ ਹੈ। ਆਜ਼ਾਦ, ਸਿਆਣਾ, ਮੁਸਲਮਾਨ, ਬਾਲਗ਼, ਹੱਜ ਦਾ ਖ਼ਰਚ ਝੱਲ ਸਕਣ ਵਾਲਾ, ਬਾਲ-ਬੱਚਿਆਂ ਨੂੰ ਘਰ ਵਿਚ ਹਰ ਤਰ੍ਹਾਂ ਦੀ ਸੁਰੱਖਿਆ ਮੁਹੱਯਾ ਕਰਕੇ ਤੇ ਬਿਨਾਂ ਕਿਸੇ ਦਾ ਦੇਣਦਾਰ ਹੋਣ ਵਾਲਾ ਵਿਅਕਤੀ ਹੱਜ 'ਤੇ ਜਾ ਸਕਦਾ ਹੈ।"* [10]

ਮਰਦਾਨਾ ਲੰਬੇ ਸਫ਼ਰ ਤੋਂ ਤਲਵੰਡੀ ਵਾਪਸ ਆਉਂਦਾ ਹੈ ਤਾਂ ਉਸ ਦੀ ਅੰਮੀ ਲੱਖੋ ਇਸ ਸੰਸਾਰ ਨੂੰ ਛੱਡ ਚਲੀ ਜਾਂਦੀ ਹੈ। ਮਰਦਾਨਾ ਬਾਬੇ ਅੱਗੇ 'ਹੱਜ' ਕਰਨ ਦੀ ਇੱਛਾ ਰੱਖਦਾ ਹੈ। ਬਾਬਾ ਤੇ ਮਰਦਾਨਾ 'ਹੱਜ' ਕਰਨ ਲਈ ਮੱਕੇ ਨੂੰ ਆਪਣਾ ਸਫ਼ਰ ਸ਼ੁਰੂ ਕਰਦੇ ਹਨ। 'ਹੱਜ' ਲਈ ਮੱਕੇ ਪਹੁੰਚੇ ਮਰਦਾਨੇ ਤੇ ਬਾਬੇ ਨੂੰ 'ਸਿਜਦਾ' ਕਰਨ ਤੋਂ ਬਾਅਦ ਕੀਰਤਨ ਕਰਨ ਕਾਰਨ ਕਾਜ਼ੀਆਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੁਝ ਖ਼ਾਦਮਾਂ ਨੇ ਮਰਦਾਨੇ ਨੂੰ ਤਿੱਖੇ ਸਵਾਲ ਕਰਦਿਆਂ ਪੁੱਛਿਆ:-

*"ਕੱਲ੍ਹ ਤੁਸੀਂ ਹੱਜ ਤੋਂ ਬਾਅਦ ਵੀ ਗਾਇਆ। ਹੱਜ ਦਾ ਸਰੂਰ ਉੱਤਰ ਗਿਆ ਸੀ ਕੀ?"*

*"ਅਸੀਂ ਤਾਂ ਮੱਕੇ ਤੋਂ ਸੁਣੇ ਹੋਏ ਨਾਦ ਹੀ ਗਾਏ ਸਨ; ਜੋ ਸੁਣਿਆ ਉਹ ਗਾ ਵੀ ਦਿੱਤਾ ਸੀ।"*

*"ਲੱਗਦਾ ਗੁਰੂ ਨੇ ਤੈਨੂੰ ਪਹਿਲਾਂ ਹੀ ਪੱਕਾ ਕੀਤਾ ਹੋਇਆ ਏ।"*

*"ਮੇਰਾ ਹੱਜ ਤਾਂ ਉਸੇ ਦਿਨ ਤੋਂ ਸ਼ੁਰੂ ਹੋ ਗਿਆ ਸੀ; ਜਿਸ ਦਿਨ ਗੁਰੂ ਦੇ ਲੜ ਲੱਗ ਗਿਆ ਸਾਂ।"* [11]

ਨਾਵਲ ਦੇ ਅਨੁਸਾਰ ਧਰਮ ਦੇ ਠੇਕੇਦਾਰ ਮਰਦਾਨੇ ਤੋਂ ਉਮੀਦ ਰੱਖਦੇ ਹਨ ਕਿ ਉਹ ਸਥਾਪਤ ਮਰਿਆਦਾ ਅਨੁਸਾਰ 'ਹੱਜ' ਦੇ ਅਰਥਾਂ ਨੂੰ ਪਛਾਣੇ ਪਰ ਮਰਦਾਨੇ ਦਾ 'ਹੱਜ' ਮੱਕੇ-ਮਦੀਨੇ ਦੀ ਪਵਿੱਤਰ ਧਰਤੀ ਨੂੰ ਸਿਜਦਾ ਕਰਨ ਤੱਕ ਹੀ ਸੀਮਤ ਨਹੀਂ ਰਿਹਾ, ਉਸ ਦਾ 'ਹੱਜ' ਉਸ ਦਿਨ ਤੋਂ ਸ਼ੁਰੂ ਹੋ ਜਾਂਦਾ ਹੈ ਜਦੋਂ ਉਹ ਆਪਣੇ ਮੁਰਸ਼ਦ ਦੇ ਲੜ ਲੱਗ ਲੰਬੇ ਸਫ਼ਰਾਂ ਤੇ ਨਿਕਲ ਜਾਂਦਾ ਹੈ। ਬਾਬੇ ਤੇ ਮਰਦਾਨੇ ਦਾ ਇਹ ਸਫ਼ਰਾਂ ਦਾ ਕਾਫ਼ਲਾ 'ਹੱਜ' ਤੋਂ ਬਾਅਦ ਵੀ ਜਾਰੀ ਰਹਿੰਦਾ ਹੈ, ਜਿਸ ਦਾ ਉਲਾਂਭਾ ਉਸ ਨੂੰ ਉਸ ਦੀ ਪਤਨੀ ਵੀ ਦਿੰਦੀ ਹੈ ਤੇ ਸਮਝਦੀ ਹੈ ਕਿ ਉਨ੍ਹਾਂ ਦੀ ਅੰਤਿਮ ਮੰਜ਼ਲ ਕੋਈ ਨਹੀਂ;-

*"ਹੁਣ ਮੈਂ ਤੈਨੂੰ ਰੁਕਣ ਲਈ ਨਹੀਂ ਕਹਿਣਾ। ਜਦ ਮਾਂ ਤੇ ਹੱਜ ਨਹੀਂ ਤੈਨੂੰ ਰੋਕ ਸਕੇ।"* [12]

ਸਮਾਜ ਅਜਿਹੀ ਇਕਾਈ ਹੈ ਜਿਸ ਦੇ ਸਮਾਜਿਕ, ਰਾਜਸੀ, ਧਾਰਮਿਕ ਤੇ ਆਰਥਿਕ ਢਾਂਚੇ ਪਿੱਛੇ ਸ਼ਕਤੀ ਸੰਬੰਧ ਕਾਰਜਸ਼ੀਲ ਹੁੰਦੇ ਹਨ। 'ਬੋਲ ਮਰਦਾਨਿਆ' ਨਾਵਲ ਦਾ ਸੰਬੰਧ ਜਿਸ ਕਾਲ-ਖੰਡ ਨਾਲ਼ ਹੈ, ਉਸ ਸਮੇਂ ਸੱਤਾਧਾਰੀ ਧਿਰ ਦੇ ਨਾਲ਼-ਨਾਲ਼ ਧਾਰਮਿਕ ਖੇਤਰ ਦੇ ਗੁਰੂ, ਪੈਗੰਬਰ, ਜੋਗੀ, ਨਾਥ ਤੇ ਅਨੇਕਾਂ ਹੋਰ ਧਾਰਮਿਕ ਸੰਪਰਦਾਵਾਂ ਦੇ ਠੇਕੇਦਾਰ ਆਮ ਲੋਕਾਈ ਲਈ ਨਿਯਮ ਬਣਾ ਕੇ ਉਨ੍ਹਾਂ ਦੀ ਸਾਦੀ ਜੀਵਨ-ਜਾਚ ਨੂੰ ਪ੍ਰਭਾਵਿਤ ਕਰਦੇ ਸਨ। ਇਸ ਨਾਵਲ ਦਾ ਸਮੁੱਚਾ ਬਿਰਤਾਂਤ ਬਾਬੇ ਨਾਨਕ ਦੁਆਰਾ ਅਜਿਹੇ ਸ਼ਕਤੀ ਸੰਬੰਧਾਂ ਨੂੰ ਵੰਗਾਰਨ ਤੇ ਉਨ੍ਹਾਂ ਅੱਗੇ ਅਡੋਲ ਖੜ੍ਹ, ਆਪਣੇ ਵਿਵੇਕ ਤੇ ਦਲੀਲ ਨਾਲ਼ ਚੁਨੌਤੀ ਦੇਣ ਦੀਆਂ ਘਟਨਾਵਾਂ ਨੂੰ ਵਿਚਾਰਧਾਰਕ ਆਧਾਰ ਵਜੋਂ ਗ੍ਰਹਿਣ ਕਰਦਾ ਹੈ ਕਿਉਂਕਿ

*"ਸੰਤਾਂ ਦੇ ਪੈਗ਼ਾਮ ਦਾ ਮਕਸਦ ਉਸ ਤੁਅੱਸਬੀ ਪ੍ਰਵਚਨ ਅਤੇ ਅਮਲ ਨੂੰ ਵੰਗਾਰਨਾ ਸੀ ਜੋ ਸੰਤਾਂ ਦੀ ਸਮਗਰ ਸੋਚ ਅਤੇ ਅਮਲ ਦੇ ਉਲਟ ਸੀ, ਮਜ਼ਬੀ ਅਤੇ ਸਿਆਸੀ ਗ਼ਲਬੇ ਦਾ ਹਾਮੀ ਸੀ ਅਤੇ ਲੋਕਾਈ ਨੂੰ ਜਾਤ-ਪਾਤ ਤੇ ਮਜ਼ਬੀ ਲੀਹਾਂ 'ਤੇ ਤਕਸੀਮ ਕਰ ਰਿਹਾ ਸੀ।"* [13]

ਅਜਿਹੇ ਸਿਆਸੀ ਗ਼ਲਬੇ ਵਿਰੁੱਧ ਆਪਣੇ ਗੁਰੂ, ਨਾਨਕ ਦੇ ਬੋਲਾਂ/ਸ਼ਬਦਾਂ ਨੂੰ ਸੁਰ-ਬੱਧ ਕਰਦਾ ਮਰਦਾਨਾ ਸੱਤਾ ਦੇ ਵਿਰੁੱਧ ਉਠਾਈ ਅਵਾਜ਼ ਵਿਚ ਆਪਣੇ ਰਬਾਬ ਦੀਆਂ ਧੁਨਾਂ ਨੂੰ ਇਕਮਿਕ ਕਰ ਆਪਣੀ ਬਣਦੀ ਭੂਮਿਕਾ ਅਦਾ ਕਰਦਾ ਹੈ। ਭਾਵੇਂ ਬਾਬਰ ਦੇ ਹਮਲੇ ਸਮੇਂ ਸੱਯਦਪੁਰ ਸ਼ਹਿਰ ਵਿਚ ਗਾਇਆ *"ਪਾਪ ਕੀ ਜੰਞ ਲੈ ਕਾਬਲਹੁ ਧਾਇਆ ..."* ਹੋਵੇ ਭਾਵੇਂ ਜਗਨਨਾਥ ਦੇ ਮੰਦਰ ਅੱਗੇ ਸਥਾਪਤ ਸੱਤਾ ਨੂੰ ਵੰਗਾਰਦੀ ਉਸ ਪਰਮਾਤਮਾ ਦੀ ਕੁਦਰਤੀ ਆਰਤੀ ਦਾ ਗੀਤ *"ਗਗਨ੍ਹ ਮੈ ਥਾਲ੍ਹ..."* ਹੋਵੇ।

ਸਦੀਆਂ ਤੋਂ ਜਾਤ-ਪਾਤ ਦੀ ਸਮਾਜਿਕ ਬੁਰਾਈ ਪੰਜਾਬ ਦੀ ਸਭਿਆਚਾਰਕ ਰਹਿਤਲ 'ਤੇ ਵਿਗਸਦੀ ਰਹੀ ਹੈ। ਪਰ ਸਮੇਂ-ਸਮੇਂ 'ਤੇ ਇਹ ਆਪਣੇ ਕਠੋਰ ਤੇ ਲਚਕ ਰੂਪ ਵਿਚ ਵਿਚਰਦੀ ਰਹੀ ਹੈ। 'ਬੋਲ ਮਰਦਾਨਿਆ' ਨਾਵਲ ਜਿਸ ਕਾਲ ਨੂੰ ਚਿਤਰਿਤ ਕਰਦਾ ਹੈ ਉਸ ਸਮੇਂ ਜਾਤ-ਪਾਤ ਦੀ ਸਮਾਜਿਕ ਬੁਰਾਈ ਸਾਡੇ ਸਮਾਜ ਨੂੰ ਖੋਰਾ ਲਾ ਰਹੀ ਸੀ। ਬਿਰਤਾਂਤ-ਕਾਰ ਨੇ ਇਸੇ ਵਿਚਾਰਧਾਰਾ ਵਿਚੋਂ ਮਰਦਾਨੇ ਦੇ 'ਮਰਾਸੀ' ਤੇ ਬਾਬੇ ਦੇ 'ਖੱਤਰੀ' ਜ਼ਾਤੀ ਨਾਲ਼ ਸੰਬੰਧਿਤ ਵੇਰਵਿਆਂ ਰਾਹੀਂ ਬਿਰਤਾਂਤ ਦੀ ਉਸਾਰੀ ਕੀਤੀ ਹੈ। ਨਾਵਲ ਦਾ ਨਾਇਕ 'ਮਰਦਾਨਾ' ਸਦੀਆਂ ਤੋਂ ਹਾਸ਼ੀਏ 'ਤੇ ਰਹੇ ਦਲਿਤ ਵਰਗ ਦੀ ਨੁਮਾਇੰਦਗੀ ਕਰਦਾ ਹੈ। ਭਾਵੇਂ ਨਾਵਲ ਵਿਚ ਥਾਂ-ਥਾਂ 'ਤੇ ਅਜਿਹੇ ਪ੍ਰਸੰਗ ਮਿਲਦੇ ਹਨ ਕਿ ਗੁਰੂ ਨਾਨਕ ਦਾ ਸਾਥੀ ਹੋਣ ਤੇ ਉਸ ਦੇ ਅੰਗ-ਸੰਗ ਵਿਚਰਨ ਦੇ ਬਾਵਜੂਦ ਵੀ ਮਰਦਾਨੇ ਨੂੰ ਕਈ ਵਾਰ ਆਪਣੀ ਮਰਾਸੀ ਜਾਤ ਕਾਰਨ ਅਪਮਾਨ ਸਹਿਣਾ ਪੈਂਦਾ ਹੈ। ਪਰ ਮਰਦਾਨਾ ਅਧਿਆਤਮ ਦੇ ਇਸ ਪੜਾਅ 'ਤੇ ਪਹੁੰਚਿਆ ਹੋਇਆ ਹੈ ਕਿ ਉਸ ਲਈ ਇਸ ਤਰ੍ਹਾਂ ਦਾ ਅਪਮਾਨ ਕੋਈ ਮਹੱਤਤਾ ਨਹੀਂ ਰੱਖਦਾ ਸਗੋਂ ਉਹ ਮੁਸਕਰਾ ਕੇ ਇਸ ਟਕਰਾਅ ਦੀ ਸਥਿਤੀ ਨੂੰ ਆਮ ਬਣਾ ਦਿੰਦਾ ਹੈ।

*"ਤੇਰੇ ਪੁੱਤ ਦਾ ਮਰਾਸੀ ਯਾਰ ਆਇਆ ਏ।"* [14]

*"ਤੈਨੂੰ ਰਿਜ਼ਕ ਕਮਾਉਣ ਤੋਂ ਸੰਗ ਆਉਂਦੀ ਏ; ਵੱਡੇ ਘਰਾਂ ਅੱਗੇ ਆਵਾਜ਼ਾਂ ਮਾਰਨ ਵੇਲੇ ਵੀ.... ਤੂੰ ਬੇਦੀਆਂ ਦਾ ਮੁੰਡਾ ਥੋੜ੍ਹੀ ਏਂ.... ਆਪਣੇ ਅਸਲੇ ਨੂੰ ਪਛਾਣ ਮਰਾਸੀਆ..... ਜੇ ਅਸਲੇ ਦਾ ਹੈ ਤਾਂ... ।"* [15]

*"ਆਹ ਤੇਰੇ ਨਾਲ਼ ਬੰਦਾ ਕਿਹੜੀ ਜਾਤ ਦਾ ਏ?" ਖੂਹ ਤੇ ਜਨੇਊ ਸਿੱਧਾ ਕਰਦਾ ਬੰਦਾ ਪਾਣੀ ਪੀ ਚੁੱਕੇ ਮਰਦਾਨੇ ਵੱਲ ਇਸ਼ਾਰਾ ਕਰਦਾ ਬੋਲਿਆ।"* [16]

'ਬੋਲ ਮਰਦਾਨਿਆ' ਪੰਦ੍ਹਰਵੀਂ-ਸੋਲ੍ਹਵੀਂ ਸਦੀ ਦੇ ਜਿਸ ਕਾਲ ਵਿਚ ਫੈਲਿਆ ਹੋਇਆ ਹੈ, ਉਸ ਸਮੇਂ ਇਸਤਰੀ ਦੀ ਸਮਾਜਿਕ ਸਥਿਤੀ ਬਹੁਤ ਮਾੜੀ ਸੀ। ਗੁਰੂ ਨਾਨਕ ਨੇ ਸਮਾਜਿਕ ਪ੍ਰਬੰਧ ਦੇ ਵਿਰੋਧ ਵਿਚ ਇਸਤਰੀ ਜ਼ਾਤੀ ਨੂੰ *"ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥"* ਕਹਿ ਵਡਿਆਇਆ ਤੇ ਉਨ੍ਹਾਂ ਨੂੰ ਸਮਾਜ ਵਿਚ ਉੱਚ ਦਰਜਾ ਦਿੱਤਾ ਹੈ। ਹਥਲੇ ਨਾਵਲ ਦਾ ਨਾਇਕ ਮਰਦਾਨਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰਬਾਬੀ ਤੇ ਬਚਪਨ ਦਾ ਸਾਥੀ ਹੈ। ਮਰਦਾਨੇ ਦੀ ਸ਼ਖ਼ਸੀਅਤ ਸਿੱਧੇ ਤੌਰ 'ਤੇ ਗੁਰੂ ਨਾਨਕ ਤੋਂ ਪ੍ਰਭਾਵਿਤ ਹੈ। ਇਸ ਤਰ੍ਹਾਂ ਬਿਰਤਾਂਤ-ਕਾਰ ਨੇ ਗੁਰੂ ਨਾਨਕ ਦੇਵ ਜੀ ਦੀ ਇਸਤਰੀ ਪ੍ਰਤੀ ਵਿਚਾਰਧਾਰਾ ਨੂੰ ਆਧਾਰ ਬਣਾ ਕੇ ਮਰਦਾਨੇ ਦੇ ਚਰਿੱਤਰ ਦੀ ਉਸਾਰੀ ਕੀਤੀ ਹੈ ਜੋ ਉਸ ਦੇ ਨਾਇਕਤਵ ਨੂੰ ਪ੍ਰਭਾਵਸ਼ਾਲੀ ਰੂਪ ਪ੍ਰਦਾਨ ਕਰਦੀ ਹੈ। ਮਰਦਾਨਾ ਗੁਰੂ ਜੀ ਦੀ ਵਿਚਾਰਧਾਰਾ ਨੂੰ ਪ੍ਰਤੀਬਿੰਬਤ ਕਰਦਾ ਹੋਇਆ ਇਸਤਰੀਆਂ ਪ੍ਰਤੀ ਸਨਮਾਨ ਤੇ ਸੁਹਿਰਦ ਭਾਵਨਾਵਾਂ ਪੇਸ਼ ਕਰਦਾ ਹੈ। ਨਾਵਲੀ ਪ੍ਰਸੰਗ ਵਿਚ ਅਜਿਹੇ ਬਹੁਤ ਸਾਰੇ ਹਵਾਲੇ ਮਿਲਦੇ ਹਨ ਜਿੱਥੇ ਮਰਦਾਨਾ ਇਸਤਰੀ ਦੇ ਸਨਮਾਨ ਵਿਚ ਸਿਰ ਝੁਕਾਉਂਦਾ ਹੈ। ਨਾਵਲ ਵਿਚ ਗੁਰੂ ਨਾਨਕ ਦੇਵ ਤੇ ਮਰਦਾਨਾ ਵੇਸਵਾਵਾਂ ਦੇ ਮੰਦਰ ਵਾਲੀ ਥਾਂ ਕੀਰਤਨ ਕਰਦੇ ਹਨ। ਉਨ੍ਹਾਂ ਦੇ ਵਤੀਰੇ ਵਿਚੋਂ ਵੇਸਵਾਵਾਂ ਪ੍ਰਤੀ ਅਥਾਹ ਸਤਿਕਾਰ ਦੀ ਭਾਵਨਾ ਪ੍ਰਗਟ ਹੁੰਦੀ। ਨੇਹਰਾਂ ਤੇ ਵਡੇਰੀ ਉਮਰ ਦੀ ਨਗਨ ਅਵਸਥਾ ਵਿਚ ਬੈਠੀ ਵੇਸਵਾ ਦੀ ਮਰਦਾਨੇ ਨਾਲ਼

ਵਾਰਤਾਲਾਪ ਸਮੇਂ ਜਦੋਂ ਉਹ ਨੇਹਰਾਂ ਨੂੰ ਗੁਰੂ ਨਾਨਕ ਦੀ ਵੈਰਾਗਣ ਧੀ ਬਣਨ ਤੋਂ ਰੋਕਦੀ ਹੋਈ ਮਰਦਾਨੇ ਨੂੰ ਸਵਾਲ ਕਰਦੀ ਹੈ ਤਾਂ ਉਹ ਵੇਸਵਾਵਾਂ ਦਾ ਤਪ, ਤਿਆਗ ਦੇਖ ਕੇ ਭਾਵੁਕ ਹੋ ਜਾਂਦਾ ਹੈ ਤੇ ਉਸ ਦੀਆਂ ਭਾਵਨਾਵਾਂ ਹੰਝੂਆਂ ਰਾਹੀਂ ਵਗ ਤੁਰਦੀਆਂ ਹਨ।

> *"ਤੂੰ ਕਿਉਂ ਚੁੱਪ ਏਂ ..... ਸਾਨੂੰ ਟੋਕ ਕੇ ਤਾਂ ਹਰ ਕੋਈ ਨੇਕ ਹੋ ਜਾਂਦਾ ਏ!" ਪਤਾ ਨਹੀਂ ਸੀ ਲੱਗਿਆ ਕਦੋਂ ਅੱਖਾਂ ਗਿੱਲੀਆਂ ਹੋ ਗਈਆਂ ਸਨ। ਇਹ ਨਗਨ ਸਾਦਗੀ ਮਰਦਾਨੇ ਦੀਆਂ ਅੱਖਾਂ ਧੋ ਗਈ ਸੀ।"* [17]

ਨਾਵਲੀ ਬਿਰਤਾਂਤ ਵਿਚ ਇਕ ਵਾਰ ਫੇਰ ਜਦੋਂ ਨੇਹਰਾ ਨਾਲ਼ ਮਰਦਾਨੇ ਦੀ ਮੁਲਾਕਾਤ ਹੁੰਦੀ ਹੈ ਤਾਂ ਉਹ ਉਸ ਦੇ (ਵੇਸਵਾਵਾਂ ਦੇ) ਜੀਵਨ ਦੇ ਕੌੜੇ ਸੱਚ ਨੂੰ ਸੁਣ ਕੇ ਉਦਾਸ ਹੁੰਦਾ ਹੈ ਤਾਂ ਨੇਹਰਾ ਉਸ ਨੂੰ ਕਹਿੰਦੀ ਹੈ,

> *"ਤੂੰ ਸਾਡਾ ਸੋਗ ਕਿਉਂ ਮਨਾਉਣ ਲੱਗ ਪੈਂਦਾ ਏ? ਅਸੀਂ ਤਾਂ ਚਿਲਮਾਂ ਹਾਂ ਜਦੋਂ ਤੱਕ ਭਰੀਆਂ ਧੂੰਆਂ ਨਿਕਲਦਾ ਹੀ ਰਹਿਣਾ...ਜਦ ਬਿਖਰ ਗਈਆਂ ਤਾਂ ਠੀਕਰੇ ਬਣ ਜਾਣਾ...,ਕਾਫ਼ੀ ਦੇਰ ਬਾਅਦ ਸੋਗ ਵੈਰਾਗ ਵੱਲ ਮੁੜਿਆ ਸੀ।"* [18]

ਨੇਹਰਾ ਦੇ ਉਪਰੋਕਤ ਸ਼ਬਦਾਂ ਤੋਂ ਪਤਾ ਲੱਗਦਾ ਹੈ ਕਿ ਵੇਸਵਾਵਾਂ ਦੇ ਜਿਸ ਵਰਗ ਨੂੰ ਸਮਾਜ ਵਿਚ ਤ੍ਰਿਸਕਾਰ ਦੀਆਂ ਨਜ਼ਰਾਂ ਨਾਲ਼ ਦੇਖਿਆ ਜਾਂਦਾ ਹੈ, ਉਨ੍ਹਾਂ ਦੇ ਗ਼ਮ ਮਰਦਾਨੇ ਨੂੰ ਦੁਖੀ ਕਰਦੇ ਹਨ। ਉਹ ਉਨ੍ਹਾਂ ਪ੍ਰਤੀ ਸਤਿਕਾਰ ਤੇ ਹਮਦਰਦੀ ਦੇ ਭਾਵ ਉਜਾਗਰ ਕਰਦਾ ਹੈ।

ਮਰਦਾਨੇ ਦੇ ਜੀਵਨ ਵਿਚ ਅੰਮੀ ਲੱਖੋ, ਮਾਤਾ ਤ੍ਰਿਪਤਾ, ਬੀਬੀ ਨਾਨਕੀ ਦਾ ਵਿਸ਼ੇਸ਼ ਸਥਾਨ ਹੈ ਤੇ ਉਹ ਉਨ੍ਹਾਂ ਪ੍ਰਤੀ ਅਥਾਹ ਸਤਿਕਾਰ ਦੇ ਭਾਵ ਪ੍ਰਗਟ ਕਰਦਾ ਹੈ। ਗੁਰੂ ਨਾਨਕ ਦੇਵ ਜੀ ਦੀ ਧਰਮ ਪਤਨੀ ਬੀਬੀ ਸੁਲੱਖਣੀ ਜੀ ਨੂੰ 'ਮਾਤਾ' ਦੇ ਸਤਿਕਾਰਤ ਸੰਬੋਧਨ ਨਾਲ਼ ਬੁਲਾਉਂਦਾ ਹੈ। ਸੰਬੰਧਿਤ ਕਾਲ ਦੇ ਸਮਾਜਿਕ ਨਿਜ਼ਾਮ ਦੇ ਉਲਟ ਮਰਦਾਨੇ ਦੀ ਸ਼ਖ਼ਸੀਅਤ ਵਿਚੋਂ ਇਸਤਰੀ ਪ੍ਰਤੀ ਸਤਿਕਾਰ ਦੀ ਭਾਵਨਾ ਦਾ ਝਲਕਾਰਾ ਉਸ ਦੇ ਨਾਇਕਤਵ ਨੂੰ ਉਭਾਰਦਾ ਹੈ।

ਨਾਵਲ ਦੇ ਗਲਪੀ ਬਿੰਬ ਨੂੰ ਵਧੇਰੇ ਯਥਾਰਥਕ ਰੂਪ ਪ੍ਰਦਾਨ ਕਰਨ ਲਈ ਬਿਰਤਾਂਤ-ਕਾਰ ਨੇ ਸੰਬੰਧਿਤ ਕਾਲ ਦੀ ਸਮਾਜਿਕ ਸਥਿਤੀ ਦੇ ਨਾਲ਼-ਨਾਲ਼ ਰਾਜਨੀਤਕ ਸਥਿਤੀ ਨੂੰ ਵੀ ਚਿਤਰਿਆ ਹੈ। ਨਾਵਲ ਦੇ ਬਿਰਤਾਂਤ ਵਿਚੋਂ ਉਸ ਸਮੇਂ ਦੀ ਰਾਜਨੀਤਿਕ ਸਥਿਤੀ ਦੇ ਵਿਚਾਰਧਾਰਕ ਆਧਾਰ 'ਤੇ ਮਰਦਾਨੇ ਦੇ ਨਾਇਕ ਦੀ ਉਸਾਰੀ ਕੀਤੀ ਹੈ। ਨਾਵਲੀ ਬਿਰਤਾਂਤ ਦਾ ਅੱਧੇ ਤੋਂ ਵੱਧ ਬਿਰਤਾਂਤ ਲੋਧੀ ਵੰਸ਼ ਦੇ ਰਾਜਨੀਤਕ ਰਾਜ ਸਮੇਂ ਵਾਪਰਦਾ ਹੈ। ਬਾਬੇ ਨੇ ਸੁਲਤਾਨਪੁਰ ਦੇ ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖ਼ਾਨੇ ਵਿਚ ਨੌਕਰੀ ਕੀਤੀ ਸੀ। ਬਾਬੇ ਦੇ ਮੋਦੀਖ਼ਾਨੇ ਦੀ ਨੌਕਰੀ ਛੱਡਣ ਤੋਂ ਕਈ ਸਾਲ ਬਾਅਦ ਸੁਲਤਾਨਪੁਰ ਦੀ ਫੇਰੀ ਸਮੇਂ ਆਮ ਲੋਕਾਈ ਦੀ ਬਾਬੇ ਨੂੰ ਮੁੜ ਨੌਕਰੀ ਕਰਨ ਦੀ ਅਰਜ਼ ਤੋਂ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਲੋਧੀਆਂ ਦੇ ਸਮੇਂ ਵੀ ਲੋਕਾਈ ਹਾਕਮਾਂ ਤੋਂ ਦੁਖੀ ਸੀ। ਪਰ ਲੋਧੀਆਂ ਦੀ ਸੱਤਾ ਨੂੰ ਬਾਬਰ ਦੇ ਹਮਲੇ ਨੇ ਤਹਿਸ-ਨਹਿਸ ਕਰ ਦਿੱਤਾ ਸੀ। ਨਾਵਲੀ ਪ੍ਰਸੰਗ ਵਿਚੋਂ ਬਾਬਰ ਦੇ ਸੱਯਦਪੁਰ ਤੇ ਸੁਲਤਾਨਪੁਰ ਦੇ ਹਮਲੇ ਦਾ ਬਿਰਤਾਂਤ ਮਿਲਦਾ ਹੈ। ਬਾਬਰ ਦੁਆਰਾ ਉਜਾੜੇ ਇਨ੍ਹਾਂ ਸ਼ਹਿਰਾਂ ਵਿਚੋਂ ਬਾਬੇ ਨਾਲ਼ ਲੰਘਦੇ ਮਰਦਾਨੇ ਨੂੰ ਆਮ ਲੋਕਾਈ ਦੀ ਦੁੱਖ-ਭਰੀ ਹਾਲਤ ਦੇਖ ਕਾਂਬੇ ਛਿੜਦੇ ਹਨ। ਉਸ ਦੇ ਹਿਰਦੇ ਅੰਦਰ ਮਨੁੱਖਤਾ ਲਈ ਧੜਕਦਾ ਕੋਮਲ ਦਿਲ ਵਲੂੰਧਰਿਆ ਜਾਂਦਾ ਹੈ, ਉਸ ਦੀਆਂ ਭਾਵਨਾਵਾਂ ਅੱਥਰੂਆਂ ਰਾਹੀਂ ਵਹਿ ਤੁਰਦੀਆਂ ਹਨ। ਸੱਯਦਪੁਰ ਦੇ ਹਮਲੇ ਤੋਂ ਬਾਅਦ ਉੱਥੋਂ ਦੀਆਂ ਗਲੀਆਂ ਵਿਚ ਘੁੰਮਦੇ ਹੋਏ ਮਰਦਾਨਾ ਲਾਸ਼ਾਂ ਦੇ ਢੇਰ ਵਿਚੋਂ ਲੰਘਦਾ ਅੱਥਰੂ ਵਹਾਉਂਦਾ ਹੈ। ਮਨੁੱਖਤਾ ਦਾ ਅਜਿਹਾ ਘਾਣ ਉਸ ਲਈ ਅਸਹਿ ਸੀ।

> *"ਫ਼ਕੀਰੋ ਜਰ੍ਹਾ ਸਹਾਰਾ ਲਾਉਣਾ ਬੰਦੇ ਵਿਚ ਸਾਹ ਹੈਗੇ ਨੇ।"*
>
> *ਮਰਦਾਨੇ ਨੇ ਥੇਹ ਉੱਪਰੋਂ ਦੂਰ ਤੱਕ ਖੰਡਰ ਬਣੇ ਸੈਦਪੁਰ ਨੂੰ ਦੁਬਾਰਾ ਵੇਖਿਆ। ਅਗਲੇ ਦੁੱਖਾਂ ਦੀ ਉਡੀਕ ਕਰਦੇ ਚੇਹਰਿਆਂ ਦੀ ਨੁਹਾਰ ਹਾਲੇ ਸਾਹਾਂ ਦੇ ਥੱਮਲਿਆਂ ਨਾਲ਼ ਸੰਭਾਲੀ ਨਹੀਂ ਸੀ ਜਾ ਰਹੀ।*
>
> *"ਬਾਬਾ ਜਾ ਤਾਂ ਆਪਣੇ ਵਰਗੇ ਕਰਦੇ ਜਾਂ ਪਿੱਛੇ ਮੁੜ ਚੱਲ; ਮੈਥੋਂ ਨਹੀਂ ਵੇਖਿਆ ਜਾਂਦਾ ਹੁਣ।"* [19]

ਨਾਇਕ ਬਾਰੇ ਇਹ ਵਿਚਾਰਧਾਰਕ ਧਾਰਨਾ ਪ੍ਰਚਲਿਤ ਹੈ ਕਿ ਨਾਇਕ ਹਮੇਸ਼ਾ ਨਿੱਜ ਤੋਂ ਉੱਪਰ ਉੱਠ ਦੂਜਿਆਂ ਦੇ ਹਿਤ ਦੀ ਗੱਲ ਕਰਦਾ ਹੈ। ਦੂਜਿਆਂ ਦੇ ਦੁੱਖ, ਦਰਦ ਮਹਿਸੂਸ ਕਰਦਾ ਹੈ। ਬਿਰਤਾਂਤ-ਕਾਰ ਨੇ ਨਾਇਕ ਦੇ ਇਸੇ ਵਿਚਾਰਧਾਰਾਈ ਗੁਣ ਨੂੰ ਰਥਲੇ ਨਾਵਲ ਦੇ ਨਾਇਕ ਮਰਦਾਨੇ ਵਿਚੋਂ ਪ੍ਰਤੀਬਿੰਬਤ ਕੀਤਾ ਹੈ। ਨਾਵਲੀ ਬਿਰਤਾਂਤ ਵਿਚ ਉਸ ਦੇ ਅੰਦਰ ਅਜਿਹੇ ਹਜ਼ਾਰਾਂ ਸਵਾਲ, ਹਰ ਸਮੇਂ ਘੁੰਮਣ-ਘੇਰੀਆਂ ਪਾਉਂਦੇ ਰਹਿੰਦੇ ਹਨ ਜੋ ਦੂਜਿਆਂ ਦੇ ਦੁੱਖਾਂ ਦੀ ਬਾਤ ਪਾਉਂਦੇ ਹਨ। ਬਾਬੇ ਨਾਲ਼ ਸਫ਼ਰਾਂ 'ਤੇ ਨਿਕਲੇ ਮਰਦਾਨੇ ਨੂੰ ਇਨ੍ਹਾਂ ਰਾਹਾਂ 'ਤੇ ਤੁਰਦਿਆਂ ਦੁੱਖਾਂ ਦੇ ਨਾਲ਼-ਨਾਲ਼ ਤੁਰਨ ਦਾ ਅਹਿਸਾਸ ਹੁੰਦਾ ਹੈ। ਬਾਬੇ ਦੇ ਸੁਲਤਾਨਪੁਰ ਲਈ ਰਵਾਨਾ ਹੋਣ ਤੋਂ ਬਾਅਦ ਬਾਬੇ ਦੀ ਮਾਤਾ ਤੇ ਪਤਨੀ ਦਾ ਦੁੱਖ ਮਰਦਾਨੇ ਨੂੰ ਬੇਚੈਨ ਕਰ ਦਿੰਦਾ ਹੈ। ਵੇਸਵਾਵਾਂ ਦੇ ਮੰਦਰ ਵਿਚ ਨਗਨ ਹਾਲਾਤ ਵਿਚ ਬੈਠੀ ਵੇਸਵਾ ਦੇ ਸਵਾਲਾਂ ਤੋਂ ਉਸ ਦੇ ਦੁੱਖਾਂ ਨੂੰ ਮਹਿਸੂਸ ਕਰਦੇ ਹੋਏ ਮਰਦਾਨੇ ਦੀਆਂ ਅੱਖਾਂ ਭਰ ਆਈਆਂ ਸਨ। ਬਾਬੇ ਨੂੰ ਸਫ਼ਰ ਵਿਚ ਤੁਰਦੇ ਦੇਖ ਵੀ ਮਰਦਾਨੇ ਦੀਆਂ ਅੱਖਾਂ ਨਮ ਹੋ ਜਾਂਦੀਆਂ। ਮਰਦਾਨਾ ਦੂਜਿਆਂ ਦੇ ਦੁੱਖਾਂ ਨੂੰ ਇਸ ਤਰ੍ਹਾਂ ਅਨੁਭਵ ਕਰਦਾ ਹੈ ਜਿਵੇਂ ਉਹ ਉਸ ਦੇ ਦੁੱਖ ਹੋਣ। ਕਈ ਵਾਰ ਜਦੋਂ ਬਾਬਾ ਸਮਾਧੀ ਵਿਚ ਹੁੰਦਾ ਤਾਂ ਮਰਦਾਨਾ ਇਕੱਲਾ ਬੈਠਾ ਦੂਜਿਆਂ ਦੇ ਦੁੱਖਾਂ ਨੂੰ ਸਮਝਣ ਦਾ ਯਤਨ ਕਰਦਾ ਰਹਿੰਦਾ। ਇਸ ਉਲਝਣ ਭਰੇ ਦੁੱਖਾਂ ਦੇ ਝੁਰਮਟ ਵਿਚੋਂ ਨਿਕਲਣ ਲਈ ਉਹ ਬਾਬੇ ਨੂੰ ਕਹਿੰਦਾ:-

> *"ਬਾਬਾ ਓਹੀ ਚੇਹਰੇ ਕੋਲ਼ ਬਿਠਾਲਣ ਨੂੰ ਜੀਅ ਕਰਦਾ......ਜੋ ਉਦਾਸੀਆਂ ਨਾਲ਼ ਭਰੇ ਪਏ ਨੇ.........ਮੈਂ ਦੁੱਖਾਂ ਨਾਲ਼ ਕਿਹੋ ਜਿਹਾ ਵਿਵਹਾਰ ਕਰਾਂ?"* [20]

ਅੰਤ ਵਿੱਚ ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਜਸਬੀਰ ਮੰਡ ਦੇ ਨਾਵਲ 'ਬੋਲ ਮਰਦਾਨਿਆ' ਦਾ ਨਾਇਕ 'ਮਰਦਾਨਾ' ਜਿਸ ਨੂੰ ਇਤਿਹਾਸ ਵਿਚ ਮਰਾਸੀ ਜਾਤ ਦੇ ਰਬਾਬੀ ਵਜੋਂ ਪੇਸ਼ ਕੀਤਾ ਗਿਆ ਹੈ, ਉਹ ਰਬਾਬੀ ਹੋਣ ਦੇ ਨਾਲ਼-ਨਾਲ਼ ਹੋਰ ਬਹੁਤ ਸਾਰੇ ਸੂਖਮ ਗੁਣਾਂ ਦਾ ਮਾਲਕ ਹੈ। ਮਰਦਾਨੇ ਦੀ ਸ਼ਖ਼ਸੀਅਤ ਦੇ ਇਨ੍ਹਾਂ ਸੂਖਮ ਗੁਣਾਂ ਨੂੰ ਜਸਬੀਰ ਮੰਡ ਨੇ ਗਲਪਨਿਕ ਬਿਰਤਾਂਤ ਵਿਚ ਢਾਲਿਆ ਹੈ। ਮਰਦਾਨਾ ਬਾਬੇ ਨਾਨਕ ਦਾ ਬਚਪਨ ਦਾ ਸਾਥੀ ਹੈ ਜਿਸ ਨੇ ਨਾਨਕ ਨੂੰ ਆਪਣਾ ਗੁਰੂ ਮੰਨ ਕੇ ਉਸ ਦੇ ਸਾਥ ਲਈ ਆਪਣਾ ਆਪਾ ਤੇ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਤੱਕ ਨੂੰ ਕੁਰਬਾਨ ਕਰ ਦਿੱਤਾ। ਮਰਦਾਨੇ ਦਾ ਗੁਰੂ ਪ੍ਰਤੀ ਸਮਰਪਣ

ਉਸ ਦੇ ਆਖ਼ਰੀ ਸਾਹ ਤੱਕ ਉਸ ਦੇ ਨਾਲ਼ ਰਿਹਾ।

## ਹਵਾਲੇ ਅਤੇ ਟਿੱਪਣੀਆਂ


1. ਹਰਮੀਤ ਸਿੰਘ (ਡਾ.), (1993) ਪੰਜਾਬੀ ਨਾਵਲਾਂ ਵਿਚ ਸਿੱਖ ਇਤਿਹਾਸ, ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ, ਪੰਨਾ: 30.
2. ਮੰਡ ਜਸਬੀਰ, (2016) ਬੋਲ ਮਰਦਾਨਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 7.
3. ਗੌੜ, ਈਸ਼ਵਰ ਦਿਆਲ, ਫ਼ਰੀਦਾ ਖਾਕੁ ਨ ਨਿੰਦੀਐ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨਾ: 118.
4. ਮੰਡ ਜਸਬੀਰ, -ਉਹੀ-, ਪੰਨਾ: 52
5. -ਉਹੀ-, ਪੰਨਾ: 173.
6. -ਉਹੀ-, ਪੰਨੇ: 299-300.
7. -ਉਹੀ-, ਪੰਨਾ: 61.
8. -ਉਹੀ-, ਪੰਨਾ: 53.
9. -ਉਹੀ-, ਪੰਨਾ: 90.
10. ਗੁਰਦੇਵ ਸਿੰਘ,(2005) ਪੰਜਾਬੀ ਸੂਫ਼ੀ ਕਾਵਿ ਦਾ ਇਤਿਹਾਸ, ਪੰਜਾਬੀ ਅਕਾਦਮੀ, ਦਿੱਲੀ, ਪੰਨਾ: 17.
11. ਮੰਡ ਜਸਬੀਰ, (2016) ਬੋਲ ਮਰਦਾਨਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨੇ: 261-62.
12. -ਉਹੀ-, ਪੰਨਾ: 293.
13. ਗੌੜ, ਈਸ਼ਵਰ ਦਿਆਲ, ਫ਼ਰੀਦਾ ਖਾਕੁ ਨ ਨਿੰਦੀਐ, ਪਬਲੀਕੇਸ਼ਨ ਬਿਊਰੋ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ਪੰਨੇ: 50-51.
14. ਮੰਡ ਜਸਬੀਰ, (2016) ਬੋਲ ਮਰਦਾਨਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ: 4.
15. -ਉਹੀ-, ਪੰਨਾ: 7.
16. -ਉਹੀ-, ਪੰਨਾ: 24.
17. -ਉਹੀ-, ਪੰਨਾ:33.
18. -ਉਹੀ-, ਪੰਨਾ: 178.
19. . -ਉਹੀ-, ਪੰਨੇ: 282-83.
20. -ਉਹੀ-, ਪੰਨਾ: 151.


## *Cite this Article-*


*ਡਾ. ਮਨਪ੍ਰੀਤ ਕੌਰ (Dr. Manpreet Kaur), 'ਬੋਲ ਮਰਦਾਨਿਆ' ਨਾਵਲ ਵਿਚ ਨਾਇਕ ਦੀ ਬਿੰਬ ਸਿਰਜਣਾ ਦੇ ਵਿਚਾਰਧਾਰਈ ਆਧਾਰ ('Bol Mardanea' Naval Vich Nayak Di Bimb Sirjna De Vichardharai Aadhar), ਅਰਮਾਨ (ARMAAN), ISSN: 2583-9446 (O), Volume- 4, Issue- 1, January-March 2026, Page: 21-26.*

*Journal URL:* www.armaan.org.in

*DOI:* https://doi.org/10.64119/armaan.vol.4.issue1.04



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/